### ਜੇਕਰ ਮੇਰਾ ਕੋਈ ਸਵਾਲ ਹੈ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ ?

ਜੇਕਰ ਤੁਸੀਂ ਮੁਫ਼ਤ ਸਕੂਲ ਭੋਜਨ ਬਾਰੇ ਕੋਈ ਪੁੱਛਗਿੱਛ ਕਰਨਾ ਚਾਹੁੰਦੇ ਹੋ ਤਾਂ ਬੇਨੇਫਿਟ ਸੈਕਸ਼ਨ ਨਾਲ - 03456081200 ਫੋਨ ਨੰਬਰ ਤੇ ਸੰਪਰਕ ਕਰੋ। ਤੁਹਾਡੇ ਬੱਚੇ/ਬੱਚਿਆਂ ਦਾ ਸਕੂਲ ਸਟਾਫ ਵੀ ਤੁਹਾਨੂੰ ਸਲਾਹ ਦੇ ਸਕਦਾ ਹੈ।

### ਮੇਰੇ ਵੱਲੋਂ ਦਿੱਤੀ ਜਾਣਕਾਰੀ ਕਿਵੇਂ ਸਾਂਭੀ ਜਾਂਦੀ ਹੈ ?

ਸਾਰੀ ਜਾਣਕਾਰੀ ਨੂੰ ਸੰਪੂਰਨ ਤੌਰ ਤੇ ਗੁਪਤ ਰੱਖਿਆ ਜਾਂਦਾ ਹੈ ਅਤੇ ਇਹ ਜਾਣਕਾਰੀ ਕੇਵਲ ਏਬਰਡੀਨਸ਼ਾਇਰ ਕਾਉਂਸਿਲ ਦੁਆਰਾ ਹੀ ਸਾਂਭੀ ਜਾਂਦੀ ਹੈ।

### ਸਕੂਲ ਕੱਪੜਿਆਂ ਸੰਬੰਧੀ ਗ੍ਰਾਂਟ।

ਜੋ ਮਾਪੇ /ਸਰਪ੍ਰਸਤ ਏਬਰਡੀਨਸ਼ਾਇਰ ਕਾਉਂਸਿਲ ਵਲੋਂ ਸਥਾਪਿਤ ਮਾਪਦੰਡਾਂ ਉੱਤੇ ਖਰੇ ਉੱਤਰਦੇ ਹਨ ਓਹਨਾ ਲਈ ਕੱਪੜਿਆਂ ਸੰਬੰਧੀ ਗ੍ਰਾਂਟ ਵੀ ਉਪਲਬਧ ਹੈ . ਹੋਰ ਜਾਣਕਾਰੀ ਲਈ ਬੇਨੇਫਿਟ ਸੈਕਸ਼ਨ ਨੂੰ 03456081200 ਨੰਬਰ ਤੇ ਸੰਪਰਕ ਕਰੋ ਜਾਂ ਆਪਣੇ ਬੱਚੇ ਬੱਚਿਆਂ ਦੇ ਸਕੂਲ ਨਾਲ ਸੰਪਰਕ ਕਰੋ।

**ਜੇਕਰ ਤੁਹਾਨੂੰ ਇਸ ਪੱਤਰੀ ਨੂੰ ਪੜ੍ਹਨ ਵਿੱਚ ਕੋਈ ਮੁਸ਼ਕਿਲ ਆ ਰਹੀ ਹੈ ਤਾਂ ਕਿਰਪਾ ਕਰਕੇ ਆਪਣੇ ਪ੍ਰਾਇਮਰੀ ਸਕੂਲ ਦਫਤਰ ਨਾਲ ਸੰਪਰਕ ਕਰੋ।**

## ਏਬਰਡੀਨਸ਼ਾਇਰ ਕਾਉਂਸਿਲ

### ਸਿਹਤਮੰਦ ਭਵਿੱਖ ਲਈ ਅੱਜ ਖਾਣਾ ਮੁੱਹਈਆ ਕਰਾਉਂਦੇ ਹਨ !

ਸਕੂਲ ਕੇਟਰਿੰਗ ਸੇਵਾ ਦੁਆਰਾ ਸਕਾਟਿਸ਼ ਸਰਕਾਰ ਦੇ ਸਿਹਤ ਪ੍ਰੋਮੋਸ਼ਨ ਅਤੇ ਖੁਰਾਕ ਐਕਟ 2007 ਦੇ ਮਾਨਕਾਂ ਅਨੁਸਾਰ ਮੇਨੂ ਤਿਆਰ ਕੀਤਾ ਜਾਂਦਾ ਹੈ ਅਤੇ ਇਹ ਬੱਚਿਆਂ ਦੀਆਂ ਰੋਜ਼ਾਨਾ ਪੋਸ਼ਕ ਤੱਤਾਂ ਦੀਆਂ ਜਰੂਰਤਾਂ ਪੂਰਨ ਕਰਦਾ ਹੈ।

ਮੇਨੂ ਹਫਤੇ ਦੌਰਾਨ ਸੰਤੁਲਿਤ ਭੋਜਨ ਅਤੇ ਉਸਦੇ ਬਹੁਤ ਸਾਰੇ ਵਿਕਲਪ ਪ੍ਰਦਾਨ ਕਰਦਾ ਹੈ।

ਏਬਰਡੀਨਸ਼ਾਇਰ ਕਾਉਂਸਿਲ ਵਿਚ ਅਧਿਆਪਨ ਅਤੇ ਕੇਟਰਿੰਗ ਸਟਾਫ, ਸੰਤੁਲਿਤ ਭੋਜਨ ਦੀ ਮਹੱਤਤਾ ਨੂੰ ਪ੍ਰਫੁੱਲਿਤ ਕਰਨ ਲਈ ਕੰਮ ਕਰਦਾ ਹੈ। ਸਕੂਲੀ ਬੱਚੇ ਜੋ ਮੁਫਤ ਸਕੂਲ ਭੋਜਨ ਲੈਣ ਦੇ ਯੋਗ ਹੁੰਦੇ ਹਨ ਓਹਨਾ ਨੂੰ ਇਸ ਦਾ ਪੂਰਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਸਕੂਲ ਕੇਟਰਿੰਗ ਸੇਵਾ ਅੰਦਰ ਸਾਡੀਆਂ ਸੇਵਾਵਾਂ ਸੰਬੰਧੀ ਤੁਹਾਡੇ ਵਿਚਾਰਾਂ ਦੀ ਕਦਰ ਕੀਤੀ ਜਾਂਦੀ ਹੈ।

ਜੇਕਰ ਤੁਸੀਂ ਸਾਡੀ ਦੇ ਕਿਸੇ ਮੈਂਬਰ ਨਾਲ ਗੱਲ ਕਰਨਾ ਚਾਹੁੰਦੇ ਹੋ ਜਾਂ ਸਾਡੀਆਂ ਸੇਵਾਵਾਂ ਸੰਬੰਧੀ ਕੋਈ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੇ ਤੇ ਫੋਨ ਜਾਂ ਈ-ਮੇਲ ਕਰੋ .

01467 530723 or
Schoolmeals@aberdeenshire.gov.uk

**ਪਹਾੜੀਆਂ ਤੋਂ ਸਮੁੰਦਰ ਤੱਕ ਅਬੇਰਦੀਨਸ਼ੀਰੇ ਦੇ ਸੇਵਾ ਵਿਚ- ਸਕਾਟਲੈਂਡ ਵਿਚ ਸਭ ਤੋਂ ਵਧੀਆ।**

# ਮੁਫ਼ਤ ਸਕੂਲ ਭੋਜਨ ਕਿਵੇਂ ਪ੍ਰਾਪਤ ਕਰਨਾ ਹੈ ਇਸ ਬਾਰੇ ਇਕ ਗਾਈਡ।



Aberdeenshire
COUNCIL

## ਮੁਫ਼ਤ ਸਕੂਲ ਭੋਜਨ ਕੀ ਹੈ ?

ਮੁਫ਼ਤ ਸਕੂਲ ਭੋਜਨ ਦੁਪਹਿਰ ਦਾ ਭੋਜਨ ਹੈ ਜੋ ਏਬਰਡੀਨਸ਼ਾਇਰ ਕਾਉਂਸਿਲ ਵਲੋਂ ਓਹਨਾ ਪਰਿਵਾਰਾਂ ਨੂੰ ਮੁਫ਼ਤ ਦਿੱਤਾ ਜਾਂਦਾ ਹੈ ਜੋ ਕਾਉਂਸਿਲ ਦੁਆਰਾ ਤਹਿ ਮਾਪਦੰਡ ਪੂਰਾ ਕਰਦੇ ਹਨ I

**ਇਸ ਦੇ ਨਾਲ ਹੀ ਜਨਵਰੀ 2015 ਤੋਂ ਪ੍ਰਾਇਮਰੀ 1 ਤੋਂ ਪ੍ਰਾਇਮਰੀ 3 ਦੇ ਸਾਰੇ ਬੱਚਿਆਂ ਨੂੰ ਰੋਜਾਨਾ ਮੁਫ਼ਤ ਸਕੂਲ ਭੋਜਨ ਲੈਣ ਦਾ ਵਿਕਲਪ ਦਿੱਤਾ ਜਾਂਦਾ ਹੈ I** ਸਕੂਲੀ ਬੱਚੇ ਉਸੇ ਤਰਾਂ ਦਾ ਭੋਜਨ ਪ੍ਰਾਪਤ ਕਰਦੇ ਜਿਵੇਂ ਕਿ ਦੂਸਰੇ ਭੋਜਨ ਖਰੀਦਣ ਵਾਲੇ ਬੱਚੇ I ਇਹ ਭੋਜਨ ਕਲਾਸਰੂਮ ਵਿਚ ਇੰਟਰੈਟਿਵ ਮੇਨੂ ਵਿਧੀ ਦੁਆਰਾ ਚੁਣਿਆ ਜਾਂਦਾ ਹੈ I

ਸੈਕੰਡਰੀ ਸਕੂਲ ਵਿਚ : ਬੱਚਾ/ਬੱਚੇ ਸਕੂਲ ਕੈਫ਼ੇਟਿਰੀਆ ਵਿਚੋਂ ਰੋਜਾਨਾ ਭੱਤਾ ਪ੍ਰਾਪਤ ਕਰਦੇ ਹਨ ਜੋ ਕਿ ਦੁਪਹਿਰ ਦੇ ਭੋਜਨ ਲਈ ਵਰਤਿਆ ਜਾਂਦਾ ਹੈ I ਇਹ ਭੱਤਾ ਭੋਜਨ ਮੇਨੂ ਵਿਚੋਂ ਕੋਈ ਦੋ ਖਾਣੇ ਚੁਨਣ ਲਈ ਕਾਫ਼ੀ ਹੁੰਦਾ ਹੈ I ਹੋਰ ਜਾਣਕਾਰੀ ਤੁਹਾਡੇ ਬੱਚੇ/ਬੱਚਿਆਂ ਦੇ ਸਕੂਲ ਦਫਤਰ ਵਿਚ ਉਪਲਬਦ ਹੈ I

## ਕੀ ਮੇਰਾ ਬੱਚਾ ਮੁਫ਼ਤ ਸਕੂਲ ਭੋਜਨ ਲੈਣ ਦਾ ਹੱਕਦਾਰ ਹੈ ?

ਮੁਫ਼ਤ ਸਕੂਲ ਭੋਜਨ ਤੁਹਾਡੇ ਲਾਭ ਪ੍ਰਾਪਤ ਕਰਨ/ਆਮਦਨ ਦੇ ਪੱਧਰ ਤੇ ਨਿਰਭਰ ਕਰਦਾ ਹੈ , ਇਹ ਹੇਠ ਲਿਖੇ ਹਲਾਤਾਂ ਵਿਚ ਮਿਲ ਸਕਦਾ ਹੈ :-

- ਜੇਕਰ ਪਰਿਵਾਰ ਨੂੰ ਇਨਕਮ ਸੁਪੋਰਟ ਜਾ ਪੈਨਸ਼ਨ ਕਰੈਡਿਟ ਮਿਲ ਰਿਹਾ ਹੈ (ਗਰੰਟੀ ਕਰੈਡਿਟ )I
- ਜੇਕਰ ਪਰਿਵਾਰ ਨੂੰ ਜੋਬ ਸੀਕਰਸ ਅੱਲੋਵਾਨਸ ਜਾ ਐਮਪਲੋਇਮੈਂਟ ਸਪੋਰਟ ਅੱਲੋਵਾਨਸ ਮਿਲ ਰਿਹਾ ਹੈ।
- ਜੇਕਰ ਮਾਪੇ ਚਾਈਲਡ ਟੈਕਸ ਕਰੈਡਿਟ ਲੈ ਰਹੇ ਹਨ ਪਰੰਤੂ ਵਰਕਿੰਗ ਟੈਕਸ ਕਰੈਡਿਟ ਨਹੀਂ ਅਤੇ ਸਾਲਾਨਾ ਆਮਦਨ £16105* ਤੋਂ ਘੱਟ ਹੈ।
- ਜੇਕਰ ਮਾਪੇ ਚਾਈਲਡ ਟੈਕਸ ਕਰੈਡਿਟ ਅਤੇ ਵਰਕਿੰਗ ਟੈਕਸ ਕਰੈਡਿਟ ਦੋਨੋ ਲੈ ਰਹੇ ਹਨ ਅਤੇ ਸਾਲਾਨਾ ਆਮਦਨ £6420* ਤੋਂ ਘੱਟ ਹੈ।
- ਜੇਕਰ ਮਾਪਿਆਂ ਨੂੰ ਇੰਮੀਗਰੇਸ਼ਨ ਅਤੇ ਅਸਇਲਮ ਐਕਟ 1999 ਦੇ ਤਹਿਤ ਸਹਾਇਤਾ ਮਿਲ ਰਹੀ ਹੈ।
- ਕੋਈ ਵੀ ਇਨਸਾਨ ਜਿਸਦੀ ਉਮਰ 16 ਤੋਂ 18 ਸਾਲ ਦੇ ਵਿਚਕਾਰ ਹੈ, ਜੋ ਉਪਰੋਕਤ ਲਾਭਾਂ ਵਿਚੋਂ ਕੋਈ ਵੀ ਲਾਭ ਲੈ ਰਿਹਾ ਹੈ ਤਾਂ ਉਹ ਫ੍ਰੀ ਸਕੂਲ ਭੋਜਨ ਲੈਣ ਦਾ ਦਾਅਵਾ ਕਰ ਸਕਦਾ ਹੈ।
- ਜੇਕਰ ਮਾਪੇ ਯੂਨੀਵਰਸਲ ਕਰੈਡਿਟ ਪ੍ਰਾਪਤ ਕਰਦੇ ਹਨ।

## ਮੈਂ ਆਵੇਦਨ ਕਰਨ ਲਈ ਫਾਰਮ ਕਿਥੋਂ ਪ੍ਰਾਪਤ ਕਰ ਸਕਦਾ ਹਾਂ?

ਤੁਸੀਂ ਲਾਭ ਸਾਖਾ (ਬੇਨੇਫਿਟ ਸੈਕਸ਼ਨ ) ਨੂੰ 03456081200 ਨੰਬਰ ਤੇ ਫੋਨ ਕਰਕੇ ਆਵੇਦਨ ਫਾਰਮ ਲੈਣ ਲਈ ਬੇਨਤੀ ਕਰ ਸਕਦੇ ਹੋ I ਆਵੇਦਨ ਪੱਤਰ ਤੁਹਾਡੇ ਬੱਚੇ / ਬੱਚਿਆਂ ਦੇ ਸਕੂਲ ਵਿਚ ਵੀ ਉਪਲਬਧ ਹੈ I

ਕਿਰਪਾ ਕਰਕੇ ਨੋਟ ਕਰੋ , ਜੇਕਰ ਤੁਸੀਂ ਹਾਉਸਿੰਗ ਬੇਨੇਫਿਟ ਜਾਂ ਕਾਉਂਸਿਲ ਟੈਕਸ ਘਟਾਉਣ ਲਈ ਅਪਲਾਈ ਕੀਤਾ ਹੈ ਤਾਂ ਉਹੀ ਫਾਰਮ ਮੁਫ਼ਤ ਸਕੂਲ ਭੋਜਨ ਪ੍ਰਾਪਤ ਕਰਨ ਲਈ ਵਰਤਿਆ ਜਾ ਸਕਦਾ ਹੈ , ਤੁਹਾਨੂੰ ਅਲੱਗ ਫਾਰਮ ਭਰਨ ਦੀ ਲੋੜ ਨਹੀਂ ਹੈ I ਜੇਕਰ ਤੁਹਾਡਾ ਬੱਚਾ ਮੁਫ਼ਤ ਸਕੂਲ ਭੋਜਨ ਲੈਣ ਲਈ ਹੱਕਦਾਰ ਹੈ ਤਾਂ ਬੇਨੇਫਿਟ ਸੈਕਸ਼ਨ ਤੁਹਾਨੂੰ ਪੱਤਰ ਭੇਜ ਕੇ ਇਸਦੀ ਪੁਸ਼ਟੀ ਕਰੇਗਾ, ਤੁਸੀਂ ਇਹ ਪੱਤਰ ਸਕੂਲ ਲਿਜਾ ਕੇ ਫ੍ਰੀ ਸਕੂਲ ਭੋਜਨ ਲਈ ਦਾਅਵਾ ਕਰ ਸਕਦੇ ਹੋ I ਜੇਕਰ ਤੁਸੀਂ ਹਾਉਸਿੰਗ ਬੇਨੇਫਿਟ ਜਾਂ ਕਾਉਂਸਿਲ ਟੈਕਸ ਘਟਾਉਣ ਦਾ ਲਾਭ ਨਹੀਂ ਲੈ ਰਹੇ ਤਾਂ ਬੇਨੇਫਿਟ ਸੈਕਸ਼ਨ ਤੁਹਾਡੀ ਫ੍ਰੀ ਸਕੂਲ ਭੋਜਨ ਪ੍ਰਾਪਤ ਕਰਨ ਦੀ ਹੱਕਦਾਰੀ ਦਾ ਮੁਲਾਂਕਣ ਕਰੇਗਾ I

## ਕੀ ਮੈਨੂੰ ਆਵੇਦਨ ਪੱਤਰ ਨਾਲ ਕੋਈ ਹੋਰ ਜਾਣਕਾਰੀ ਵੀ ਭੇਜਣੀ ਪਵੇਗੀ ?

ਆਪਣੀ ਆਮਦਨ ਦਾ ਸਬੂਤ ਆਵੇਦਨ ਪੱਤਰ ਨਾਲ **ਜ਼ਰੂਰ ਭੇਜੋ** I

ਇਹ ਹੇਠ ਲਿਖਿਆਂ ਵਿਚੋਂ ਕੋਈ ਵੀ ਹੋ ਸਕਦਾ ਹੈ :

- ਇਨਲੈਂਡ ਰੇਵੇਨੁਉ ਵਲੋਂ TC602 ਐਕਟ ਕਰੈਡਿਟ ਐਵਾਰਡ ਨੋਟਿਸ 2015/16 ਲਈ ਜੋ ਤੁਹਾਡੇ ਟੈਕਸ ਕਰੈਡਿਟ ਦੇ ਹੱਕ ਨੂੰ ਦਰਸਾਉਂਦਾ ਹੋਵੇ।
- ਡਿਪਾਰਟਮੈਂਟ ਆਫ ਵਰਕਸ ਐਂਡ ਪੈਨਸ਼ਨ (DWP) ਵੱਲੋਂ ਪੱਤਰ ਜੋ ਤੁਹਾਡੇ ਲਾਭ ਲੈਣ ਦੇ ਹੱਕ ਦੀ ਪੁਸ਼ਟੀ ਕਰਦਾ ਹੋਵੇ।
- ਨੈਸ਼ਨਲ ਅਸਾਈਲਮ ਸੁਪੋਰਟ ਸਰਵਿਸ ਵਲੋਂ ਕੋਈ ਪੱਤਰ ਜੋ ਸਹਾਇਤਾ ਲੈਣ ਦੀ ਪੁਸ਼ਟੀ ਕਰਦਾ ਹੋਵੇ।

* ਇਹ ਅੰਕੜੇ ਇਨਲੈਂਡ ਰੇਵੇਨੁਉ ਦੁਆਰਾ ਬਦਲੇ ਜਾ ਸਕਦੇ ਹਨ ਪ੍ਰੰਤੂ ਇਸ ਸਮੇ ਸਹੀ ਹਨ I

## ਮੈਂ ਆਵੇਦਨ ਪੱਤਰ ਕਿਸ ਨੂੰ ਵਾਪਸ ਭੇਜਾਂ ?

ਆਵੇਦਨ ਪੱਤਰ ਹੇਠ ਲਿਖੇ ਐਡਰੈੱਸ ਤੇ ਭੇਜਣਾ ਲਾਜਮੀ ਹੈ :

Aberdeenshire council, PO Box 18533, Inverurie, AB51 5WX.

ਤੁਸੀਂ ਇਹ ਫਾਰਮ ਲੋਕਲ ਬੇਨੇਫਿਟ ਆਫ਼ਿਸ ਵਿਚ ਵੀ ਭੇਜ ਸਕਦੇ ਹੋ I

## ਜੇਕਰ ਮੇਰੇ ਹਾਲਾਤ ਬਦਲਦੇ ਹਨ ਤਾਂ ਕੀ ਹੋਵੇਗਾ ?

ਜੇਕਰ ਕਿਸੇ ਵਜ੍ਹਾ ਕਰਕੇ ਤੁਹਾਡੇ ਹਾਲਾਤ ਬਦਲਦੇ ਹਨ ਤਾਂ ਫੌਰਨ ਬੇਨੇਫਿਟ ਸੈਕਸ਼ਨ ਨੂੰ 03456081200 ਉੱਪਰ ਕਾਲ ਕਰੋ ਦੱਸੋ ਜਾਂ benefits@aberdeenshire.gov.uk ਤੇ ਈ-ਮੇਲ ਕਰੋ I

ਜੇਕਰ ਤੁਸੀਂ ਫ੍ਰੀ ਸਕੂਲ ਭੋਜਨ ਪ੍ਰਾਪਤ ਕਰ ਰਹੇ ਹੋ ਜਿਸ ਦੇ ਤੁਸੀਂ ਹੱਕਦਾਰ ਨਹੀਂ ਤਾਂ ਤੁਹਾਨੂੰ ਇਸਦੇ ਪੈਸੇ ਵਾਪਸ ਕਰਨੇ ਪੈਣਗੇ I

**ਜੇਕਰ ਤੁਸੀਂ ਕਿਸੇ ਵੀ ਮਾਪਦੰਡ ਨੂੰ ਪੂਰਾ ਕਰਦੇ ਹੋ ਤਾਂ ਆਵੇਦਨ ਕਰਨਾ ਤੁਹਾਡਾ ਅਧਿਕਾਰ ਹੈ I**

**ਜੋ ਮਾਪੇ ਮੁਫ਼ਤ ਸਕੂਲ ਭੋਜਨ ਲਈ ਯੋਗਤਾ ਪੂਰੀ ਕਰਦੇ ਹਨ , ਏਬਰਡੀਨਸ਼ਾਇਰ ਕਾਉਂਸਿਲ ਓਹਨਾ ਸਾਰੇ ਮਾਪਿਆਂ ਨੂੰ ਅਪਲਾਈ ਕਰਨ ਲਈ ਉਤਸ਼ਾਹਿਤ ਕਰਦੀ ਹੈ I**